This question paper contains **3** printed pages]

*Your Roll No.*...............

**5662**

**B.A. (PROGRAMME)/III A-I**

(L)

PUNJABI DISCIPLINE—Paper III

**(Optional)**

(For Students who have studies Punjabi upto 10th)

*Time* : 3 *Hours* *Maximum Marks* : 100

(*Write your Roll No. on the top immediately on receipt of this question paper.*)

ਨੋਟ :–ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜ਼ਰੂਰੀ ਹਨ ।

1. ਹੇਠ ਲਿਖੀਆਂ ਕਾਵਿ-ਟੁਕੜੀਆਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਬਸਿ ਕਰਿ ਜੀ ਹੁਣ ਬਸਿ ਕਰਿ ਜੀ
ਕਈ ਗਲਿ ਅਸਾਂ ਨਾਲਿ ਹਸਿ ਕਰਿ ਜੀ ।
ਤੂੰ ਮੁਇਆਂ ਨੂੰ ਮਾਰ ਨਾ ਮੁਕਦਾ ਮੈਂ
ਫੜਿ ਖੁੱਦੋ ਵਾਂਗੂੰ ਕੁੱਟਦਾ ਮੈਂ
ਗਲ ਕਰਦੇ ਸਾਂ ਗਲਿ ਘੁਟਦਾ ਮੈਂ
ਹੁਣ ਤੀਰ ਲਾਇਓ ਕਸਿ ਕਰਿ ਜੀ ।

(ਅ) ਇਕ ਰੋਜ਼ ਇਕੱਲੜੀ ਵੇਖ ਸੋਹਣੀ, ਮਹੀਂਵਾਲ ਰੁੰਨਾ ਜ਼ਾਰੋ ਜ਼ਾਰ ਸਾਈਂ ।
ਜੋ ਕੁਝ ਵਰਤਿਆ ਸੀ ਅਲਫੋਂ ਥੇ ਤੀਕਰ, ਕੀਤਾ ਯਾਰ ਦੇ ਗੋਸ਼ ਗੁਜ਼ਾਰ ਸਾਈਂ ।
ਤੇਰਾ ਨੌਕਰਾਂ ਵੱਲ ਧਿਆਨ ਨਾਹੀਂ, ਮੇਰੇ ਸੋਹਣਿਆਂ ਦੇ ਸਰਦਾਰ ਸਾਈਂ ।
ਤੁਧ ਕਾਰਨੇ ਮੈਂ ਮਹੀਂਵਾਲ ਬਣਿਆਂ, ਵਾਲੀ ਹੋ ਕੇ ਬਲਖ਼ ਬੁਖਾਰ ਸਾਈਂ । 10

P.T.O.

2. ਪਾਠ-ਪੁਸਤਕ 'ਮਧਕਾਲੀਨ ਪੰਜਾਬੀ ਕਾਵਿ' ਦੇ ਅਧਾਰ 'ਤੇ ਪੰਜਾਬੀ ਮੱਧਕਾਲੀ ਕਾਵਿ ਬਾਰੇ ਚਰਚਾ ਕਰੋ ।

ਜਾਂ

'ਮਧਕਾਲੀਨ ਪੰਜਾਬੀ ਕਾਵਿ' ਵਿਚੋਂ ਹੇਠਾਂ ਦਿਤੀਆਂ ਕਵਿਤਾਵਾਂ ਵਿਚੋਂ ਕਿਸੇ ਇਕ ਕਵਿਤਾ ਦਾ ਆਲੋਚਨਾਤਮਕ ਸਾਰ ਪੇਸ਼ ਕਰੋ :

(*i*) ਪੂਰਨ ਭਗਤ (ਕਾਦਰਯਾਰ);

(*ii*) ਹੀਰ ਵਾਰਿਸ (ਵਾਰਿਸ);

(*iii*) ਜੰਗਨਾਮਾ (ਸ਼ਾਹ ਮੁਹੰਮਦ) । 10

3. ਪਾਠ-ਪੁਸਤਕ 'ਕਥਾ ਪੰਜਾਬ' ਵਿਚ ਦਰਜ ਹੇਠ ਦਿੱਤੀਆਂ ਕਹਾਣੀਆਂ ਵਿਚੋਂ ਕਿਸੇ ਇਕ ਦੀ ਸਾਹਿਤਕ ਆਲੋਚਨਾ ਕਰੋ :

(*i*) ਭਾਬੀ ਮੈਨਾ;

(*ii*) ਸਵੇਰ ਹੋਣ ਤਕ;

(*iii*) ਸੂਲੀ ਉਤੇ ਲਟਕੇ ਪਲ;

(*iv*) ਖਸਮਾਂ ਖਾਣੇ । 20

4. 1700 ਈ. ਤੋਂ 1900 ਈ. ਤਕ ਰਚੇ ਪੰਜਾਬੀ ਸਾਹਿਤ ਦੇ ਹੇਠਾਂ ਦਿੱਤੇ ਕਾਵਿ-ਰੂਪਾਂ ਵਿਚੋਂ ਕਿਸੇ ਇਕ ਬਾਰੇ ਵਿਸਤਾਰ ਨਾਲ ਚਰਚਾ ਕਰੋ :

(*i*) ਸੂਫ਼ੀ-ਕਾਵਿ

(*ii*) ਕਿਸਾ ਕਾਵਿ;

(*iii*) ਵਾਰ-ਕਾਵਿ । 20

5. ਪੰਜਾਬੀ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ ਨੂੰ ਉਦਾਹਰਣਾਂ ਸਹਿਤ ਪੇਸ਼ ਕਰੋ ।

**ਜਾਂ**

ਗੁਰਮੁਖੀ ਲਿਪੀ ਦੇ ਨਿਕਾਸ ਅਤੇ ਵਿਕਾਸ ਬਾਰੇ ਚਰਚਾ ਕਰੋ । 20

6. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ :

(*i*) ਕਹਾਣੀ 'ਤਾਸ ਦੀ ਆਦਤ' ਵਿਚ ਵਿਅੰਗ ਦੀ ਵਿਧੀ ਕਿਵੇਂ ਵਰਤੀ ਗਈ ਹੈ ?

(*ii*) ਵਾਰਿਸ ਸ਼ਾਹ ਦੀ ਕਵਿਤਾ ਵਿਚ ਪੰਜਾਬੀ ਸਭਿਆਚਾਰ ਦੇ ਕਿਹੜੇ ਨੁਕਤੇ ਛੋਹੇ ਗਏ ਹਨ ?

(*iii*) 'ਮਾਝੀ' ਨੂੰ ਕੇਂਦਰੀ ਜਾਂ ਟਕਸਾਲੀ ਬੋਲੀ ਕਿਉਂ ਕਿਹਾ ਜਾਂਦਾ ਹੈ ?

(*iv*) ਮੱਧਕਾਲੀ ਕਵਿਤਾ ਦੀਆਂ ਕੋਈ ਚਾਰ ਵਿਸ਼ੇਸ਼ਤਾਵਾਂ ਲਿਖੋ ।

(*v*) ਪੰਜਾਬੀ ਭਾਸ਼ਾ ਦੀ ਲਿਪੀ ਦਾ ਨਾਂ 'ਗੁਰਮੁਖੀ' ਕਿਵੇਂ ਪ੍ਰਚਲਤ ਹੋਇਆ ? 4×5=20